## ਨਵੇਂ ਭਰਤੀ ਕੀਤੇ 2015 ਬੈਚ ਦੇ ਡਾਕਟਰਾਂ ਦੇ ਪੇ-ਸਕੇਲ ਬਾਰੇ ਸਪਸਟੀਕਰਨ।

*****

ਵਿੱਤ ਵਿਭਾਗ ਵਲੋ ਜਾਰੀ ਪੱ:ਨੰ; 7/204/2012-4ਐਫ.ਪੀ.1/66 ਮਿਤੀ 15.01.15 ਰਾਹੀ ਹੇਠ ਅਨੁਸਾਰ ਫੈਸਲਾ ਲਿਆ ਗਿਆ ਸੀ:-

> "ਸਿੱਧੀ ਭਰਤੀ ਉਪਰੰਤ 2 ਸਾਲ ਦਾ ਖਰਖ ਕਾਲ ਦੇ ਸਮੇਂ ਦੇ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਕੋਈ ਇਸ ਵਿਚ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਝਵੀਂ ਤਨਖਾਹ (Fixed emoluments) ਦਿੱਤੀ ਜਾਵੇਗੀ ਜੋ ਕਿ ਉਸ ਕਰਮਚਾਰੀ ਦੀ ਨਵੀਂ ਆਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟੋ ਘੱਟ ਤਨਖਾਹ (Minimum of the Pay Band) ਦੇ ਬਰਾਬਰ ਹੋਵੇਗੀ ਅਤੇ ਪਰਖ ਕਾਲ ਸਮੇਂ ਦੌਰਾਨ ਉਸ ਨੂੰ ਗਰੇਡ ਪੇਅ ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਲਾਏ ਸਫਰੀ ਭੱਤੇ ਦੇ ਮਿਲਣਯੋਗ ਨਹੀਂ ਹੋਣਗੇ।"

2. ਦਸਿਆ ਜਾਂਦਾ ਹੈ ਕਿ ਸਿਹਤ ਵਿਭਾਗ ਵਲੋ ਸਕੱਤਰ, ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ 404 ਮੈਡੀਕਲ ਅਫਸਰਾਂ (ਜਨਰਲ) ਦੀਆਂ ਅਸਾਮੀਆਂ ਭਰਨ ਲਈ ਮੰਗ ਪੱਤਰ ਭੇਜਿਆ ਗਿਆ ਸੀ। ਇਸ ਸਬੰਧ ਵਿਚ ਕਾਰਵਾਈ ਕਰਦੇ ਹੋਏ ਪੰਜਾਬ ਲੋਕ ਸੇਵਾ ਕਮਿਸਨ ਵੱਲੋਂ ਵਿਗਿਆਪਨ ਨੰ: 6 ਵੱਖ ਵੱਖ ਅਖਬਾਰਾਂ ਵਿਚ ਦੇ ਦਿੱਤਾ ਸੀ। ਇਸ ਵਿਗਿਆਪਨ ਦੇ ਪੈਰ੍ਹਾ 3.0 ਵਿਚ ਸਰਕਾਰ ਵੱਲੋਂ ਜਾਰੀ ਨੋਟੀਫਿਕੇਸਨ ਪੱ:ਨੰ; 7/204/2012-4ਐਫ.ਪੀ.1/66 ਮਿਤੀ 15.01.15 ਵੀ ਦਰਜ ਕਰ ਦਿੱਤਾ ਗਿਆ ਸੀ।

3. ਹੁਣ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸਾਖਾ) ਵੱਲੋਂ ਉਨ੍ਹਾਂ ਦੇ ਪੱਤਰ ਨੰ: 7/204/2012-4ਐਫ.ਪੀ.1/925 ਮਿਤੀ 15.10.15 ਰਾਹੀਂ ਉਕਤ ਫੈਸਲੇ ਵਿਚ ਹੇਠ ਅਨੁਸਾਰ ਸੋਧ ਕੀਤੀ ਗਈ ਹੈ:-

> "ਜਿਹਨਾਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਉਕਤ ਹਦਾਇਤਾਂ ਜਾਰੀ ਹੋਣ ਤੋਂ ਪਹਿਲਾਂ ਸੁਰੂ ਹੋ ਚੁੱਕੀ ਸੀ, ਜਿਵੇਂ ਕਿ ਭਰਤੀ ਵਿਚ ਇਸਤਿਹਾਰ ਜਾਰੀ ਕਰ ਦਿੱਤਾ ਗਿਆ ਹੋਵੇ, ਟੈਸਟ ਜਾਂ ਇੰਟਰਵਿਊ ਹੋ ਚੁੱਕੀ ਹੋਵੇ ਭਾਵੇਂ ਕਿ ਉਹ ਪ੍ਰੀਕਿਰਿਆ ਉਕਤ ਹਦਾਇਤਾਂ ਦੇ ਜਾਰੀ ਹੋਣ ਤੋਂ ਬਾਅਦ ਵਿਚ ਮੁਕੰਮਲ ਕੀਤੀ ਗਈ ਹੋਵੇ ਜਾਂ ਹਾਜਰੀ ਰਿਪੋਰਟ ਬਾਅਦ ਵਿਚ ਦਿੱਤੀ ਗਈ ਹੋਵੇ ਤਾਂ ਉਨ੍ਹਾਂ ਆਸਾਮੀਆਂ ਤੇ ਨਿਯੁਕਤ ਅਧਿਕਾਰੀਆਂ/ਕਰਮਚਾਰੀਆਂ ਨੂੰ ਤਜਵੀਜਤ ਆਸਾਮੀਆਂ ਦੇ ਤਨਖਾਹ ਸਕੇਲ ਉਪਰੋਕਤ ਮਿਤੀ 15 ਜਨਵਰੀ, 2015 ਰਾਹੀਂ ਹਦਾਇਤਾਂ ਜਾਰੀ ਹੋਣ ਤੋਂ ਪਹਿਲਾਂ ਵਾਲੇ ਹੀ ਦਿੱਤੇ ਜਾਣਗੇ ਭਾਵ ਅਜਿਹੇ ਕੇਸਾਂ ਵਿਚ ਉਪਰੋਕਤ ਮਿਤੀ 15 ਜਨਵਰੀ 2015 ਵਾਲੀਆਂ ਹਦਾਇਤਾਂ ਲਾਗੂ ਨਹੀਂ ਹੋਣਗੀਆਂ।"

4. ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸਾਖਾ) ਵੱਲੋਂ ਹੁਣ ਜਾਰੀ ਪੱਤਰ ਨੰ: 7/204/2012-4 ਐਫ.ਪੀ.1/935 ਮਿਤੀ 15.10.15 ਰਾਹੀਂ ਸੇਵਾ ਸਰਤਾਂ ਵਿਚ ਕੀਤੀ ਸੋਧ 404 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਤੇ ਲਾਗੂ ਨਹੀਂ ਹੁੰਦੀ ਕਿਉਂ ਜੋ ਇਸ ਭਰਤੀ ਲਈ ਪੰਜਾਬ ਲੋਕ ਸੇਵਾ ਕਮਿਸਨ ਵੱਲੋਂ ਦਿੱਤੇ ਵਿਗਿਆਪਨ ਵਿਚ ਵਿੱਤ ਵਿਭਾਗ ਦੇ ਨੋਟੀਫਿਕੇਸਨ ਮਿਤੀ 15.01.15 ਬਾਰੇ ਪਹਿਲਾਂ ਹੀ ਸਪਸਟ ਕੀਤਾ ਹੋਇਆ ਹੈ। ਇਸ ਲਈ 404 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਵਿਚ ਨਿਯੁਕਤ ਹੋਏ ਡਾਕਟਰਾਂ ਨੂੰ ਤਨਖਾਹ ਵਿੱਤ ਵਿਭਾਗ ਵਲੋ ਜਾਰੀ ਪੱ:ਨੰ; 7/204/2012-4ਐਫ.ਪੀ.1/66 ਮਿਤੀ 15.01.15 ਅਨੁਸਾਰ ਹੀ ਦਿੱਤੀ ਜਾਣੀ ਬਣਦੀ ਹੈ।

5. ਇਥੇ ਇਹ ਦਸਿਆ ਜਾਂਦਾ ਹੈ ਕਿ ਵਿੱਤ ਵਿਭਾਗ (ਵਿੱਤ ਪ੍ਰਸੋਨਲ -1 ਸਾਖਾ) ਦੇ ਨੋਟੀਫਿਕੇਸ ਨੰ: 7/204/2012-4ਐਫ.ਪੀ.1/381 ਮਿਤੀ 07.05.15 ਰਾਹੀਂ ਸਪੈਸਲਿਸਟ ਡਾਕਟਰਾਂ ਨੂੰ ਪੈਰ੍ਹਾ-1 ਵਿਚ ਦਰਜ ਹਦਾਇਤਾਂ ਤੋਂ ਬਾਹਰ ਰੱਖਿਆ ਗਿਆ ਹੈ। ਜਿਸ ਕਾਰਨ ਇਨ੍ਹਾਂ ਨੂੰ ਪੂਰੀ ਤਨਖਾਹ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਸਿਹਤ ਮੰਤਰੀ ਜੀ ਦੇ ਹੁਕਮਾ ਅਨੁਸਾਰ 404 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਵਿਚ ਨਿਯੁਕਤ ਹੋਏ ਡਾਕਟਰਾਂ ਨੂੰ ਵੀ ਸਪੈਸਲਿਸਟ ਡਾਕਟਰਾਂ ਦੀ ਤਰ੍ਹਾਂ ਪੈਰ੍ਹਾ-1 ਵਿਚ ਦਰਜ ਹਦਾਇਤਾਂ ਤੋਂ ਬਾਹਰ ਰੱਖਣ ਲਈ ਵਿੱਤ ਵਿਭਾਗ ਲਿਖਿਆ ਗਿਆ ਹੈ।